National Research Journal of Social Sciences
Volume-11, Issue-1, January-June 2026
PP: 152-155
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਦਾ ਸੰਕਲਪ

**ਮੋਨਿਕਾ ਰਾਣੀ**

ਸਹਾਇਕ ਪ੍ਰੋਫ਼ੈਸਰ
ਡੀ. ਏ. ਵੀ. ਕਾਲਜ, ਬਠਿੰਡਾ।

**ਆਬਸਟ੍ਰੈਕਟ:**

ਹਿੰਦ ਦੀ ਚਾਦਰ, ਤੇਗ਼ ਦੇ ਧਨੀ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਹਨ। ਗੁਰੂ ਤੇਗ ਬਹਾਦਰ ਜੀ ਨੇ ਧਰਮ ਅਤੇ ਮਾਨਵਤਾ ਨੂੰ ਜ਼ੁਲਮ ,ਅਨਿਆਂ ਤੋਂ ਬਚਾਉਣ ਲਈ ਆਪਣੇ ਜੀਵਨ ਦਾ ਬਲੀਦਾਨ ਦਿਤਾ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਨਾਸ਼ਮਾਨਤਾ ਨੂੰ ਪੇਸ਼ ਕਰਨ ਲਈ ਕਈ ਅਲੰਕਾਰਾਂ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਇਸ ਦਿਸਦੇ ਸੰਸਾਰ ਨੂੰ ਬੱਦਲਾਂ ਨਾਲ ਤੁਲਨਾਇਆ ਹੈ। ਗੁਰੂ ਜੀ ਨੇ ਇਸ ਸੰਸਾਰ ਨੂੰ ਚਲਾਇਮਾਨ ਅਤੇ ਅਸਥਿਰ ਕਿਹਾ ਹੈ ਭਾਵ ਕਿ ਇਸ ਸੰਸਾਰ ਉੱਤੇ ਕੋਈ ਵੀ ਪਦਾਰਥ, ਵਸਤੂ ਸਥਿਰ ਨਹੀਂ ਹੈ। ਸੰਸਾਰ ਵਿੱਚ ਜੋ ਕੁਝ ਵੀ ਦਿਖਾਈ ਦੇ ਰਿਹਾ ਹੈ ਧਨ, ਮਾਇਆ, ਸਰੀਰ, ਜਵਾਨੀ, ਪਦਾਰਥ ਆਦਿ ਸਭ ਕੁਝ ਇੱਕ ਦਿਨ ਖਤਮ ਹੋ ਜਾਣ ਵਾਲਾ ਹੈ। ਕੇਵਲ ਪਰਮਾਤਮਾ ਦਾ ਹੀ ਨਾਮ ਹੀ ਸਦਾ ਕਾਇਮ ਰਹਿਣ ਵਾਲਾ ਹੈ। ਮਨੁੱਖ ਨੂੰ ਇਨ੍ਹਾਂ ਪਦਾਰਥਾਂ ਦਾ ਮੋਹ ਛੱਡ ਕੇ ਪਰਮਾਤਮਾ ਦੀ ਭਗਤੀ ਵਾਲੇ ਪਾਸੇ ਤੁਰਨਾ ਚਾਹੀਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਨਾਸ਼ਮਾਨਤਾ ਦਾ ਸੰਕਲਪ

ਹਿੰਦ ਦੀ ਚਾਦਰ, ਤੇਗ਼ ਦੇ ਧਨੀ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਜੀ ਸਿੱਖਾਂ ਦੇ ਨੌਵੇਂ ਗੁਰੂ ਹਨ। ਗੁਰੂ ਤੇਗ ਬਹਾਦਰ ਜੀ ਨੇ ਧਰਮ ਅਤੇ ਮਾਨਵਤਾ ਨੂੰ ਜ਼ੁਲਮ ,ਅਨਿਆਂ ਤੋਂ ਬਚਾਉਣ ਲਈ ਆਪਣੇ ਜੀਵਨ ਦੀ ਪਰਵਾਹ ਕੀਤੇ ਬਿਨ੍ਹਾਂ ਕਸ਼ਮੀਰੀ ਪੰਡਿਤਾਂ ਲਈ ਬਲੀਦਾਨ ਦਿੱਤਾ, ਇਸ ਕਰਕੇ ਹੀ ਆਪ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ।

"ਗੁਰੂ ਤੇਗ ਬਹਾਦਰ ਜੀ ਦਾ ਜਨਮ ਗੁਰੂ ਹਰਗੋਬਿੰਦ ਸਿੰਘ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਇੱਕ ਅਪ੍ਰੈਲ ਸੰਨ 1621 (ਸੰਮਤ 1678) ਨੂੰ ਅੰਮ੍ਰਿਤਸਰ ਵਿਖੇ ਹੋਇਆ। ਆਪ ਆਪਣੇ ਭੈਣ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਤੇ ਛੇਵੀਂ ਥਾਂ ਤੇ ਸਨ। ਆਪ ਜੀ ਦੇ ਚਾਰ ਭਰਾ ਕ੍ਰਮ ਅਨੁਸਾਰ ਬਾਬਾ ਗੁਰਦਿਤਾ ਜੀ, ਸ੍ਰੀ ਅਣੀ ਰਾਇ ਜੀ, ਬਾਬਾ ਅਟਲ ਜੀ, ਸ੍ਰੀ ਸੂਰਜ ਮਲ ਜੀ ਅਤੇ ਇੱਕ ਭੈਣ ਬੀਬੀ ਵੀਰੋ ਜੀ ਸਨ।[1] ਗੁਰੂ ਜੀ ਦਾ ਬਚਪਨ ਜਿਆਦਾ ਕਰਕੇ ਅੰਮ੍ਰਿਤਸਰ, ਕਰਤਾਰਪੁਰ ਅਤੇ ਬਾਬਾ ਬਕਾਲਾ ਵਿਚ ਬੀਤਿਆ। ਬਚਪਨ ਤੋਂ ਹੀ ਆਪ ਉਦਾਰਤਾ ਅਤੇ ਨਿਮਰਤਾ ਦੇ ਧਾਰਨੀ ਸਨ ਅਤੇ ਪ੍ਰਭੂ ਭਗਤੀ ਵਿਚ ਵੀ ਲੀਨ ਰਹਿੰਦੇ ਸਨ। ਆਪ ਜੀ ਦੇ ਮਾਤਾ ਪਿਤਾ ਦਾ ਆਪ ਜੀ ਦੇ ਸ਼ਖ਼ਸੀਅਤ ਨਿਰਮਾਣ ਵਿਚ ਡੂੰਘਾ ਪ੍ਰਭਾਵ ਪਿਆ। ਗੁਰੂ ਜੀ ਦਾ ਬਚਪਨ ਦਾ ਨਾਮ ਤਿਆਗ ਮੱਲ ਸੀ। ਕਰਤਾਰਪੁਰ ਦੀ ਲੜਾਈ ਸਮੇਂ ਆਪ ਦੀ ਬਹਾਦਰੀ ਨੂੰ ਦੇਖਦੇ ਹੋਏ ਗੁਰੂ ਹਰਗੋਬਿੰਦ ਜੀ ਨੇ ਆਪ ਜੀ ਦਾ ਨਾਂ ਤਿਆਗ ਮੱਲ ਤੋਂ ਤੇਗ ਬਹਾਦਰ ਰੱਖ ਦਿੱਤਾ।

"ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ। ਇਹ ਬਾਣੀ ਸੰਪੂਰਨ ਰੂਪ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵਿੱਚ ਦਮਦਮਾ ਸਾਹਿਬ (ਸਾਹਬੋ ਦੀ ਤਲਵੰਡੀ) ਦੇ ਅਸਥਾਨ ਤੇ ਸੰਨ 1706 ਵਿੱਚ ਚੜ੍ਹਾਈ।[2]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮਹਲਾ 9 ਵਜੋਂ ਸੰਗ੍ਰਹਿਤ ਹੈ। ਗੁਰੂ ਜੀ ਨੇ 59 ਸ਼ਬਦ ਅਤੇ 57 ਸਲੋਕ ਰਚੇ। ਗੁਰੂ ਜੀ ਨੇ 31 ਰਾਗਾਂ ਵਿੱਚੋਂ 15 ਰਾਗਾਂ ਵਿੱਚ ਬਾਣੀ ਰਚੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਵਿੱਚੋਂ ਜੈਜਾਵੰਤੀ ਇਕੋ ਇਕ ਅਜਿਹਾ ਰਾਗ ਹੈ ਜਿਸ ਵਿੱਚ ਕੇਵਲ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਮਿਲਦੀ ਹੈ। ਗੁਰੂ ਜੀ ਨੇ 15 ਰਾਗਾਂ ਵਿੱਚ ਬਾਣੀ ਰਚੀ ਹੈ ਗੁਰੂ ਜੀ ਦੀ ਬਾਣੀ ਗਉੜੀ ਰਾਗ ਵਿਚ 9, ਆਸਾ 1, ਦੇਵ ਗੰਧਾਰੀ 3, ਬਿਹਾਗੜਾ 1, ਸੋਰਠਿ 12, ਧਨਾਸਰੀ 4, ਜੈਤਸਰੀ 3, ਟੋਡੀ 1, ਤਿਲੰਗ 3, ਬਿਲਾਵਲ 3, ਰਾਮਕਲੀ 3, ਮਾਰੂ 3, ਬਸੰਤ 5, ਸਾਰੰਗ 4, ਜੈਜਾਵੰਤੀ ਵਿੱਚ 4 ਸ਼ਬਦ ਰਚੇ ਮਿਲਦੇ ਹਨ।

"ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚ ਦਰਸ਼ਨ ਦੇ ਤਿੰਨ ਨੁਕਤਿਆਂ ਉੱਪਰ ਵਿਸ਼ੇਸ਼ ਬਲ ਦਿੱਤਾ ਗਿਆ ਹੈ। ਇਹ ਤਿੰਨ ਨੁਕਤੇ ਹਨ: ਬ੍ਰਹਮ, ਬ੍ਰਹਿਮੰਡ ਅਤੇ ਜੀਵ। ਬ੍ਰਹਿਮੰਡ ਇੱਕ ਅਜਿਹੀ ਕੇਂਦਰ ਪ੍ਰਕਿਰਿਆ ਹੈ ਜਿਸ ਰਾਹੀਂ ਗੁਰੂ ਤੇਗ ਬਹਾਦਰ ਜੀ ਬ੍ਰਹਮ ਨਾਲ ਸੰਬੰਧਿਤ ਰਹੱਸਮਯਤਾ ਨੂੰ ਦ੍ਰਿਸ਼ਟੀਗਤ ਕਰਦੇ ਹਨ। ਇਹ ਰਹੱਸਮਯਤਾ ਦਾ ਅਨੁਭਵ ਅਤੇ ਕਿਰਿਆ-ਸਥਲ ਜਗਤ ਹੀ ਹੈ ਤੇ ਅਨੁਭਵ ਕਰਤਾ ਹੈ ਜੀਵ।[3]

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਨਾਸ਼ਮਾਨਤਾ ਨੂੰ ਪੇਸ਼ ਕਰਨ ਲਈ ਕਈ ਅਲੰਕਾਰਾਂ ਅਤੇ ਪ੍ਰਤੀਕਾਂ ਦੀ ਵਰਤੋਂ ਕੀਤੀ ਹੈ। ਇਸ ਦਿਸਦੇ ਸੰਸਾਰ ਨੂੰ ਬੱਦਲਾਂ ਨਾਲ ਤੁਲਨਾਇਆ ਹੈ। ਗੁਰੂ ਜੀ ਨੇ ਇਸ ਸੰਸਾਰ ਨੂੰ ਚਲਾਇਮਾਨ ਅਤੇ ਅਸਥਿਰ ਕਿਹਾ ਹੈ ਭਾਵ ਕਿ ਇਸ ਸੰਸਾਰ ਉੱਤੇ ਕੋਈ ਵੀ ਪਦਾਰਥ ,ਵਸਤੂ ਸਥਿਰ ਨਹੀਂ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਜਗਤ, ਮਨੁੱਖੀ ਸਰੀਰ ਨੂੰ ਨਾਸ਼ਮਾਨਤਾ ਦੱਸਿਆ ਹੈ। ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਸਮੁੱਚੀ ਮਨੁੱਖਤਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਇਹ ਸੰਸਾਰ ਨਾਸ਼ਮਾਨ ਹੈ। ਮਨੁੱਖ ਨੂੰ ਇਹ ਦਿਸਦਾ ਸੰਸਾਰ ਪ੍ਰਭਾਵਿਤ ਕਰਦਾ ਹੈ।


© Copyright @ Authors

 ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਨੁੱਖ ਇਸ ਸੰਸਾਰ ਨੂੰ ਦੇਖ ਕੇ ਮੋਹਿਤ ਹੁੰਦਾ ਹੈ ਅਤੇ ਉਸਨੂੰ ਇਹ ਸੱਚਾ ਪ੍ਰਤੀਤ ਹੁੰਦਾ ਹੈ। ਹਰ ਸਮੇਂ ਇਸ ਵਿੱਚ ਗਲਤਾਨ ਹੋਇਆ ਰਹਿੰਦਾ ਹੈ। ਅਸਲ ਵਿੱਚ ਇਹ ਝੂਠ ਹੈ ਤੇ ਨਾਸ਼ਮਾਨ ਹੈ।

ਇਹ ਮਨੁੱਖੀ ਸਰੀਰ ਕੁਝ ਸਮੇਂ ਲਈ ਹੀ ਮਿਲਿਆ ਹੈ ਇਸ ਕਰਕੇ ਇਸ ਨਾਸ਼ਮਾਨ ਸਰੀਰ ਦੇ ਨਾਲ ਮੋਹ ਵਿੱਚ ਨਹੀਂ ਫਸਣਾ ਚਾਹੀਦਾ ਪਰੰਤੂ ਮਨੁੱਖ ਇਸ ਨੂੰ ਸੱਚਾ ਭਾਵ ਅਸਲੀਅਤ ਮੰਨ ਲੈਂਦਾ ਹੈ। ਮਨੁੱਖ ਨੇ ਆਪਣੀ ਦੇਹੀ ਨਾਲ ਪਿਆਰ ਪਾਇਆ ਹੋਇਆ ਹੈ, ਇਸ ਦੇ ਹੰਕਾਰ ਵਿਚ ਭੁੱਲ ਬੈਠਾ ਹੈ ਕਿ ਇਹ ਬੱਦਲ ਦੀ ਛਾਂ ਵਾਂਗ ਬਿਨਸ ਜਾਵੇਗਾ। ਗੁਰੂ ਜੀ ਆਪਣੇ ਸਲੋਕਾਂ ਰਾਹੀਂ ਮਨੁੱਖ ਨੂੰ ਆਤਮ ਗਿਆਨ ਵੱਲ ਪ੍ਰੇਰਿਤ ਕਰਦੇ ਹੋਏ ਲਿਖਦੇ ਹਨ ਕਿ ਇਹ ਸਰੀਰ ਸਦਾ ਸਥਿਰ ਰਹਿਣ ਵਾਲਾ ਨਹੀਂ ਹੈ ਇਸ ਲਈ ਪਰਮਾਤਮਾ ਦਾ ਨਾਮ ਸਿਮਰਦੇ ਰਹਿਣਾ ਚਾਹੀਦਾ ਹੈ। ਗੁਰੂ ਜੀ ਆਪਣੇ ਬਾਣੀ ਵਿਚ ਫ਼ਰਮਾਉਂਦੇ ਹਨ:

ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ।।

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ।।[4]

ਜਾਂ

ਗਰਬੁ ਕਰਤੁ ਹੈ ਦੇਹ ਕੋ ਬਿਨਸੈ ਛਿਨ ਮੈ ਮੀਤ।।

ਜਿਹਿ ਪ੍ਰਾਨੀ ਹਰਿ ਜਸੁ ਕਹਿਓ ਨਾਨਕ ਤਿਹਿ ਜਗੁ ਜੀਤਿ।।[5]

ਗੁਰੂ ਜੀ ਨੇ ਆਪਣੇ ਸਲੋਕਾਂ ਰਾਹੀਂ ਮਨੁੱਖ ਨੂੰ ਸਮਝਾਉਂਦੇ ਹਨ ਕਿ ਜੋ ਮਨੁੱਖ ਇਸ ਨਾਸ਼ਵਾਨ ਸਰੀਰ ਨੂੰ ਸਮਝ ਲੈਂਦਾ ਹੈ ਉਹ ਪਰਮਾਤਮਾ ਦੇ ਰਾਹ ਵੱਲ ਚੱਲ ਪੈਂਦਾ ਹੈ। ਜਿਸ ਮਨੁੱਖ ਦੇ ਮਨ ਵਿੱਚ ਪਰਮਾਤਮਾ ਦਾ ਨਾਮ ਵੱਸਦਾ ਹੈ ਅਤੇ ਜੋ ਹਰ ਸਮੇਂ ਆਪਣੇ ਮਨ ਨੂੰ ਪਰਮਾਤਮਾ ਦੀ ਭਗਤੀ ਨਾਲ ਜੋੜ ਕੇ ਰੱਖਦਾ ਹੈ। ਉਸਦੇ ਮਨ ਵਿੱਚ ਪਰਮਾਤਮਾ ਦਾ ਨਾਮ ਵਸਦਾ ਹੈ ਤੇ ਉਸਦਾ ਕਦੇ ਵੀ ਨਾਸ਼ ਨਹੀਂ ਹੁੰਦਾ। ਉਹ ਮਨੁੱਖ ਆਤਮਿਕ ਤੌਰ ਤੇ ਅਬਿਨਾਸ਼ੀ ਬਣ ਜਾਂਦਾ ਹੈ।

ਗੁਰੂ ਜੀ ਨੇ ਇਸ ਨਾਸ਼ਮਾਨ ਸੰਸਾਰ ਨੂੰ ਰੇਤ ਦੀ ਕੰਧ ਨਾਲ ਤੁਲਨਾਇਆ ਹੈ। ਜਿਸ ਪ੍ਰਕਾਰ ਰੇਤ ਦੀ ਕੰਧ ਹੌਲੀ ਹੌਲੀ ਖੁਰ ਜਾਂਦੀ ਹੈ ਭਾਵ ਢਹਿ ਜਾਂਦੀ ਹੈ। ਇਹ ਜਗਤ ਦੋ ਚਾਰ ਦਿਨਾਂ ਵਿਚ ਹੀ ਖਤਮ ਹੋ ਜਾਵੇਗਾ ਤੇ ਮੂਰਖ ਮਨੁੱਖ ਇਸ ਨੂੰ ਸੱਚ ਮੰਨ ਕੇ ਇਸ ਵਿਚ ਹੀ ਉਲਝਿਆ ਫਿਰਦਾ ਹੈ। ਇਸੇ ਪ੍ਰਕਾਰ ਹੀ ਇਹ ਸੰਸਾਰ ਵੀ ਅਸਥਿਰ ਹੈ, ਨਾਸ਼ਮਾਨ ਹੈ, ਖਤਮ ਹੋਣ ਵਾਲਾ ਹੈ।

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ।।

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ।।[6]

ਜਾਂ

ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ।।

ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ।।[7]

ਗੁਰੂ ਸਾਹਿਬ ਨੇ ਬਾਣੀ ਵਿੱਚ ਜਗਤ ਭਾਵ ਦਿਸਦੇ ਸੰਸਾਰ ਨੂੰ ਸੁਪਨਾ ਆਖਿਆ ਹੈ। ਮਨੁੱਖ ਆਪਣੀ ਨੀਂਦਰ ਵਿਚ ਪਦਾਰਥਾਂ ਨੂੰ, ਚੀਜਾਂ ਨੂੰ ਦੇਖਦਾ ਹੈ, ਉਨ੍ਹਾਂ ਨੂੰ ਭੋਗਦਾ ਹੈ ਅਤੇ ਖੁਸ਼ ਹੁੰਦਾ ਹੈ। ਜਿਵੇਂ ਹੀ ਉਹ ਜਾਗਦਾ ਹੈ ਤਾਂ ਉਹ ਜਾਣ ਜਾਂਦਾ ਹੈ ਕਿ ਇਹ ਜੋ ਕੁਝ ਵੀ ਨਜ਼ਰ ਆ ਰਿਹਾ ਸੀ, ਉਸ ਨੂੰ ਅਸਲ ਮੰਨ ਬੈਠਾ ਹੈ। ਉਹ ਅਸਲੀ ਜਗਤ ਨਹੀਂ ਹੈ। ਇਸ ਪ੍ਰਕਾਰ ਗੁਰੂ ਜੀ ਸਮਝਾਉਂਦੇ ਹਨ ਕਿ ਇਹ ਸੰਸਾਰ ਸੁਪਨੇ ਦੀ ਤਰ੍ਹਾਂ ਨਾਸ਼ਮਾਨ ਹੈ। ਜਿਸ ਪ੍ਰਕਾਰ ਸੁਪਨਾ ਥੋੜ੍ਹਚਿਰਾ ਹੈ ਭਾਵ ਨੀਂਦ ਖੁੱਲਣ ਸਾਰ ਬਿਨਸ ਜਾਂਦਾ ਹੈ। ਠੀਕ ਉਸੇ ਪ੍ਰਕਾਰ ਇਹ ਦਿਸਦਾ ਸੰਸਾਰ ਝੂਠ ਹੈ,ਅਸਥਿਰ ਹੈ। ਇਸ ਜਗਤ ਵਿਚ ਕੁਝ ਵੀ ਸੱਚ ਨਹੀਂ ਹੈ ਸਿਰਫ਼ ਪਰਮਾਤਮਾ ਦਾ ਨਾਂ ਹੀ ਸੱਚਾ ਹੈ:

ਰੇ ਨਰ ਇਹ ਸਾਚੀ ਜੀਅ ਧਾਰਿ।।

ਸਗਲ ਜਗਤੁ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ।।[8]

ਜਾਂ

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।।

ਇਨ ਮੇ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ।।[9]

ਇਸ ਜਗਤ ਉੱਪਰ ਕੋਈ ਵੀ ਵਸਤੂ ਸਥਿਰ ਨਹੀਂ ਹੈ। ਇਸ ਜਗਤ ਉੱਤੇ ਵੱਡੇ ਵੱਡੇ ਕਈ ਪੀਰ ਪੈਗੰਬਰ, ਸਾਧੂ ਸੰਤ, ਰਾਜੇ ਮਹਾਰਾਜੇ ਆਏ ਅੰਤ ਸਾਰੇ ਮਿੱਟੀ ਵਿਚ ਮਿਲ ਹਏ। "ਰਾਮ ਵਰਗੇ ਅਵਤਾਰ, ਰਾਵਣ ਵਰਗੇ ਦੁਸ਼ਟ ਨਹੀਂ ਰਹੇ। ਵੱਡੇ ਵੱਡੇ ਗੜ੍ਹ, ਮਹਲ, ਪਹਾੜ, ਗਲ ਕੀ ਸਭ ਖ਼ਤਮ ਹੋ ਗਏ। ਇਸ ਲਈ ਇਸ ਜਗ ਦੀ ਅਸਲੀਅਤ ਕੁਝ ਨਹੀਂ ਹੈ।[10] ਗੁਰੂ ਤੇਗ ਬਹਾਦਰ ਜੀ ਫ਼ਰਮਾਉਂਦੇ ਹਨ:


© Copyright @ Authors

 ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।।

ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ।।[11]

ਜਾਂ

ਝੂਠੇ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ।।

ਇਸ ਮੈਂ ਕਛੁ ਤੇਰੋ ਨਹੀਂ ਨਾਨਕ ਕਹੀਓ ਬਖਾਨਿ।।[12]

ਉਪਰੋਕਤ ਸਲੋਕਾਂ ਦੁਆਰਾ ਗੁਰੂ ਜੀ ਫਰਮਾਉਂਦੇ ਹਨ ਕਿ ਜਿਵੇਂ ਨੀਂਦ ਖੁੱਲਣ ਨਾਲ ਸੁਪਨਾ ਵਿਸਰ ਜਾਂਦਾ ਹੈ। ਉਸ ਤਰਾਂ ਮਨੁੱਖੀ ਜੀਵਨ ਵੀ ਇੱਕ ਦਿਨ ਖਤਮ ਹੋ ਜਾਣਾ ਹੈ। ਇਸ ਲਈ ਮਨੁੱਖ ਨੂੰ ਸੰਸਾਰਕ ਪਦਾਰਥਾਂ ਭਾਵ ਮਾਇਆ ਨਾਲ ਮੋਹ ਨਾ ਪਾ ਕੇ ਪਰਮਾਤਮਾ ਦੀ ਭਗਤੀ ਵਿੱਚ ਲੀਨ ਹੋਣਾ ਚਾਹੀਦਾ ਹੈ। ਮਾਇਆ ਵਿੱਚ ਫਸਿਆ ਵਿਅਕਤੀ ਅਸਲ ਸੱਚਾਈ ਤੋਂ ਦੂਰ ਰਹਿੰਦਾ ਹੈ।

ਗੁਰੂ ਜੀ ਨੇ ਮਨੁੱਖੀ ਜੀਵਨ ਦੀ ਨਾਸ਼ਮਾਨਤਾ ਵੱਲ ਸੰਕੇਤ ਕਰਦੇ ਹੋਏ ਕਿਹਾ ਹੈ ਕਿ ਮਨੁੱਖੀ ਜੀਵਨ ਵਿੱਚ ਮੌਤ ਅਟੱਲ ਹੈ। ਇਸ ਸੰਸਾਰ ਵਿੱਚ ਜੋ ਵੀ ਉਪਜਦਾ ਹੈ। ਉਹ ਕਾਲਬੱਧ ਹੈ। ਉਸ ਦਾ ਵਿਨਾਸ਼ ਇਕ ਦਿਨ ਜ਼ਰੂਰ ਹੋਵੇਗਾ। ਜਿਸ ਦਿਨ ਜੋ ਚੀਜ਼ ਪੈਦਾ ਹੋਈ ਹੈ, ਉਸ ਤੋਂ ਹੀ ਉਸਦੀ ਅਉਧ ਭਾਵ ਉਮਰ ਘਟਣੀ ਸ਼ੁਰੂ ਹੋ ਗਈ ਹੈ। ਮਨੁੱਖ ਸਮਝਦਾ ਹੈ ਕਿ ਜਨਮ ਤੋਂ ਬਾਅਦ ਉਹ ਵੱਡਾ ਹੋ ਰਿਹਾ ਹੈ ਤੇ ਵਿਕਾਸ ਕਰ ਰਿਹਾ ਹੈ ਪਰ ਅਸਲੀਅਤ ਵਿੱਚ ਉਹ ਆਪ ਆਪਣੀ ਨਾਸ਼ਵਾਨਤਾ ਵੱਲ ਵੱਧ ਰਿਹਾ ਹੈ। ਮਨੁੱਖ ਨੂੰ ਆਪਣੇ ਸਰੀਰ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਗੁਰੂ ਜੀ ਫ਼ਰਮਾਉਂਦੇ ਹਨ:

ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ।।

ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ।।[13]

ਜਾਂ

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ।।

ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤ ਹੈ ਬੀਤਿ।।[14]

ਗੁਰੂ ਜੀ ਨੇ ਮਨੁੱਖੀ ਜੀਵਨ ਨੂੰ ਪਾਣੀ ਦੇ ਬੁਲਬਲੇ ਅਤੇ ਧੂੰਏ ਦੇ ਪਹਾੜ ਨਾਲ ਤੁਲਨਾ ਕੀਤੀ ਹੈ। ਜਿਵੇਂ ਪਾਣੀ ਉਪਰ ਬੁਲਬਲਾ ਅਤੇ ਹਵਾ ਵਿਚ ਧੂੰਆਂ ਕੁਝ ਸਮੇਂ ਲਈ ਹੀ ਰਹਿੰਦੇ ਹਨ। ਉਸੇ ਪ੍ਰਕਾਰ ਹੀ ਮਨੁੱਖ ਇਸ ਸੰਸਾਰ ਵਿੱਚ ਕੁਝ ਸਮੇਂ ਲਈ ਹੀ ਰਹਿੰਦਾ ਹੈ ਅਤੇ ਆਪਣੀ ਉਮਰ ਭੋਗਣ ਤੋਂ ਬਾਅਦ ਇਸ ਸੰਸਾਰ ਤੋਂ ਹਮੇਸ਼ਾਂ ਲਈ ਚਲਿਆ ਜਾਂਦਾ ਹੈ। ਗੁਰੂ ਜੀ ਨੇ ਇਸ ਸੰਸਾਰ ਨੂੰ ਬੁਲਬਲੇ ਅਤੇ ਧੂੰਏ ਵਾਂਗ ਅਸਥਿਰ ਦੱਸਿਆ ਹੈ। ਇਹ ਦਿਸਦਾ ਸੰਸਾਰ ਇਕ ਦਿਨ ਖਤਮ ਹੋ ਜਾਵੇਗਾ।

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।।

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।।[15]

ਜਾਂ

ਇਹ ਜਗੁ ਧੂਏ ਕਾ ਪਾਹਾਰ ।।

ਤੈ ਸਾਚਾ ਮਾਨਿਆ ਕਿਹ ਬਿਚਾਰਿ।।[16]

ਜਾਂ

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੇ ਕਾਲ।।

ਨਾਨਕ ਹਰਿ ਗੁਨ ਗਾਇ ਲੈ ਛਾਡਿ ਸਗਲ ਜੰਜਾਲ।।[17]

ਇਸ ਪ੍ਰਕਾਰ ਗੁਰੂ ਜੀ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਅਮਲੀ ਜੀਵਨ ਜਿਉਣ ਦਾ ਰਾਹ ਪ੍ਰਦਰਸ਼ਿਤ ਕਰਦੇ ਹਨ। ਉਹ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਹ ਸੰਸਾਰ, ਜੀਵਨ ਨਾਸ਼ਮਾਨ ਹੈ। ਸੰਸਾਰ ਵਿੱਚ ਜੋ ਕੁਝ ਵੀ ਦਿਖਾਈ ਦੇ ਰਿਹਾ ਹੈ ਧਨ, ਮਾਇਆ, ਸਰੀਰ, ਜਵਾਨੀ, ਪਦਾਰਥ ਆਦਿ ਸਭ ਕੁਝ ਇੱਕ ਦਿਨ ਖਤਮ ਹੋ ਜਾਣ ਵਾਲਾ ਹੈ। ਕੇਵਲ ਪਰਮਾਤਮਾ ਦਾ ਹੀ ਨਾਮ ਹੀ ਸਦਾ ਕਾਇਮ ਰਹਿਣ ਵਾਲਾ ਹੈ। ਮਨੁੱਖ ਨੂੰ ਇੰਨ੍ਹਾਂ ਪਦਾਰਥਾਂ ਦਾ ਮੋਹ ਛੱਡ ਕੇ ਪਰਮਾਤਮਾ ਦੀ ਭਗਤੀ ਵਾਲੇ ਪਾਸੇ ਤੁਰਨਾ ਚਾਹੀਦਾ ਹੈ।

**ਹਵਾਲੇ ਅਤੇ ਟਿੱਪਣੀਆਂ:**

1. ਮਨਮੋਹਨ ਸਿੰਘ (ਡਾ.), ਸ੍ਰੀ ਗੁਰੂ ਤੇਗ ਬਹਾਦਰ ਜੀਵਨ ਰਚਨਾ ਅਤੇ ਵਿਅਕਤੀਤਵ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1990, ਪੰਨਾ–9


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

2. ਤਾਰਨ ਸਿੰਘ, ਗੁਰੂ ਤੇਗ ਬਹਾਦਰ ਜੀਵਨ ਦੇ ਸਿੱਖਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ-32
3. ਮਹਿੰਦਰ ਕੌਰ ਗਿੱਲ, ਗੁਰੂ ਤੇਗ ਬਹਾਦਰ ਬਾਣੀ ਅਧਿਅਨ, ਰੱਬੀ ਪ੍ਰਕਾਸ਼ਨ, ਦਿੱਲੀ, 1976, ਪੰਨਾ-81
4. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-219
5. ਉਹੀ, ਪੰਨਾ-1428
6. ਉਹੀ, ਪੰਨਾ-1429
7. ਉਹੀ, ਪੰਨਾ-633
8. ਉਹੀ
9. ਉਹੀ, ਪੰਨਾ-1427
10. ਗੁਰਮੁਖ ਸਿੰਘ, ਸ੍ਰੀ ਗੁਰੂ ਤੇਗ ਬਹਾਦਰ ਜੀ ਜੀਵਨ, ਦਰਸ਼ਨ ਤੇ ਕਲਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1975, ਪੰਨਾ-23
11. ਉਹੀ, ਪੰਨਾ-1427
12. ਉਹੀ, ਪੰਨਾ-1428
13. ਉਹੀ, ਪੰਨਾ-1427
14. ਉਹੀ, ਪੰਨਾ-1426
15. ਉਹੀ, ਪੰਨਾ-1427
16. ਉਹੀ, ਪੰਨਾ-1186
17. ਉਹੀ, ਪੰਨਾ-1427


© Copyright @ Authors